ਦਫਤਰ ਨਗਰ ਸੁਧਾਰ ਟਰੱਸਟ ਬਠਿੰਡਾ

ਦਫਤਰੀ ਹੁਕਮ

ਨੰ: 19 ਮਿਤੀ: 08-10-2026

ਜਿਵੇ ਕਿ ਨਗਰ ਸੁਧਾਰ ਟਰੱਸਟ ਬਠਿੰਡਾ ਵਲੋ ਸ਼ਹੀਦ ਕਰਤਾਰ ਸਿੰਘ ਸਰਾਭਾ ਕੰਪਲੈਕਸ (ਪਟੇਲ ਨਗਰ) ਸਕੀਮ ਵਿਚਲੀਆ ਜਾਇਦਾਦਾ ਦੀ ਆਕਸ਼ਨ ਲਈ ਰਜਿਸਟਰੇਸ਼ਨ ਕਰਨ ਸਬੰਧੀ www.tenderwizard/DLGP ਸਾਈਟ ਵਿੱਚ ਆ ਰਹੀ ਦਿੱਕਤ ਦੇ ਮੱਦੇਨਜਰ ਨਿਮਨਹਸਤਾਖਰ ਵੱਲੋ ਜਾਰੀ ਕੀਤੇ ਗਏ ਹੁਕਮ ਨੰ:18 ਮਿਤੀ 01-10-2026 ਅਨੁਸਾਰ ਰਜਿਸਟਰੇਸ਼ਨ ਦੀ ਮਿਤੀ 09-10-2026 ਤੱਕ ਵਧਾਈ ਗਈ ਸੀ। ਕਿਉਜੋ ਉਕਤ ਸਾਈਟ ਦੀ ਤਕਨੀਕੀ ਖਰਾਬੀ ਹਾਲੇ ਤੱਕ ਠੀਕ ਨਹੀ ਹੋਈ ਹੈ ,ਇਸ ਲਈ ਉਕਤ ਹੁਕਮਾਂ ਦੀ ਲਗਾਤਾਰਤਾ ਵਿੱਚ ਮੁੱਖ ਦਫਤਰ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦਿਆ ਹੋਇਆਂ ਇਸ ਆਕਸ਼ਨ ਦੀ ਰਜਿਸਟਰੇਸ਼ਨ ਦੀ ਮਿਤੀ ਵਿੱਚ 10 ਦਿਨ੍ਹਾ ਦਾ ਹੋਰ ਵਾਧਾ ਕਰਦੇ ਹੋਏ ਰਜਿਸਟਰੇਸ਼ਨ ਦੀ ਮਿਤੀ 19-10-2026 ਤੱਕ ਵਧਾਈ ਜਾਂਦੀ ਹੈ, ਅਤੇ ਬਿੱਡ ਦੇਣ ਦੀ ਮਿਤੀ 21-10-2026 ਤੋਂ 23-10-2026 ਤੱਕ ਨਿਰਧਾਰਿਤ ਕੀਤੀ ਜਾਂਦੀ ਹੈ। ਇੰਨ੍ਹਾਂ ਹੁਕਮਾਂ ਨੂੰ ਤੁਰੰਤ ਪ੍ਰਭਾਵ ਨਾਲ www.tenderwizard/DLGP ਅਤੇ www.improvementtrustbti.in ਸਾਈਟਾਂ ਤੇ ਅੱਪਲੋਡ ਕਰਨਾ ਅਤੇ ਆਮ ਪਬਲਿਕ ਨੂੰ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

SBhalle
ਚੇਅਰਮੈਨ
ਨਗਰ ਸੁਧਾਰ ਟਰਸਟ
ਬਠਿੰਡਾ

ਇਸਦਾ ਉਤਾਰਾ ਕਾਰਜ ਸਾਧਕ ਅਫਸਰ ਨਗਰ ਸੁਧਾਰ ਟਰੱਸਟ ਬਠਿੰਡਾ ਨੂੰ ਹੁਕਮਾਂ ਦੀ ਪਾਲਣਾ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ।

SBhalle
ਚੇਅਰਮੈਨ
ਨਗਰ ਸੁਧਾਰ ਟਰਸਟ
ਬਠਿੰਡਾ